ਮੀਮੋ ਨੰ: 15/10-2017 ਕੋ ਸੈਲ (1)/297 ਮਿਤੀ: 22-05-2017

**ਵਿਸ਼ਾ:** ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਅਨੁਸਾਰ ਗਰਮੀ ਦੀਆਂ ਛੁੱਟੀਆਂ ਦੌਰਾਨ ਸਕੂਲਾਂ ਵਿੱਚ ਕੀਤੇ ਜਾਣ ਵਾਲੇ ਕੰਮਾਂ ਲਈ ਕੁਝ ਵਿਸ਼ੇਸ਼ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਸਿੱਖਿਆ ਮੰਤਰੀ ਜੀ ਵੱਲੋਂ ਆਦੇਸ਼ ਦਿੱਤੇ ਗਏ ਹਨ ਕਿ ਗਰਮੀ ਦੀਆਂ ਛੁੱਟੀਆਂ ਦੌਰਾਨ ਸਮੂਹ ਮੰਡਲ/ਜਿਲ੍ਹਾ ਸਿੱਖਿਆ ਦਫਤਰਾਂ ਅਤੇ ਸਕੂਲਾਂ ਨੂੰ ਕੁਝ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਜਾਣ। ਜੋ ਕਿ ਹੇਠ ਅਨੁਸਾਰ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀਆਂ ਜਾਂਦੀਆਂ ਹਨ:-

1. ਸਕੂਲ ਅਤੇ ਦਫਤਰਾਂ ਦੀ ਸਾਫ ਸਫਾਈ ਪ੍ਰਤੀ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਵਿਭਾਗ ਵੱਲੋਂ ਆਪ ਜੀ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਗਰਮੀ ਦੀਆਂ ਛੁੱਟੀਆਂ ਮਿਤੀ 01-06-2017 ਤੋਂ ਸ਼ੁਰੂ ਹੋ ਰਹੀਆਂ ਹਨ। ਇਨ੍ਹਾਂ ਛੁੱਟੀਆਂ ਦੌਰਾਨ ਇਹ ਯਕੀਨੀ ਬਣਾਇਆ ਜਾਵੇ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ ਛੱਤਾਂ ਦੀ ਸਾਫ-ਸਫਾਈ, ਕਮਰਿਆਂ ਦੀਆਂ ਛੱਤਾ ਤੇ ਲੱਗੇ ਜ਼ਾਲੇ ਆਦਿ ਦੀ ਸਫਾਈ ਕਰਵਾਈ ਜਾਵੇ। ਸਕੂਲਾਂ ਵਿੱਚ ਕਿਸੇ ਵੀ ਥਾਂ ਤੇ ਗੰਦਲਾ ਪਾਣੀ ਖੜਾ ਨਾ ਹੋਵੇ, ਛੱਤਾ ਤੇ ਘਾਹ-ਫੂਸ ਨਾ ਹੋਵੇ।
2. ਜੇਕਰ ਕਮਰਿਆਂ ਦੀ repair ਕਰਵਾਉਣ ਵਾਲੀ ਹੋਵੇ ਤਾਂ ਉਹ ਕਰਵਾਈ ਜਾਵੇ ਅਤੇ ਜੇ whitewash ਦੀ ਲੋੜ ਹੋਵੇ ਉਹ ਵੀ ਕਰਵਾਇਆ ਜਾਵੇ। ਬਾਥਰੂਮ ਸਾਫ ਸੁਥਰੇ ਹੋਣੇ ਚਾਹੀਦੇ ਹਨ।
3. ਸਕੂਲ ਵਿੱਚ ਬਿਜਲੀ ਦੀਆਂ ਨੰਗੀਆਂ ਤਾਰਾਂ ਨਹੀਂ ਹੋਣੀਆਂ ਚਾਹੀਦੀਆਂ ਅਤੇ ਇਨ੍ਹਾਂ ਨੂੰ ਸਿਸਟਮ ਨਾਲ fitting ਕਰਵਾ ਲਈ ਜਾਵੇ। ਸਕੂਲ ਵਿੱਚ ਟੁੱਟੇ-ਭੱਜੇ ਫਰਨੀਚਰ ਨੂੰ ਸੁਰੱਖਿਅਤ ਜਗ੍ਹਾ ਤੇ ਰੱਖਿਆ ਜਾਵੇ, ਮੁਰੰਮਤ ਹੋਣ ਵਾਲੇ ਸਮਾਨ ਦੀ ਮੁਰੰਮਤ ਕਰਵਾਈ ਜਾਵੇ ਅਤੇ ਨਾ ਮੁਰੰਮਤ ਹੋਣ ਵਾਲੇ ਸਾਜੋ ਸਮਾਨ ਨੂੰ proper procedure follow ਕਰਦੇ ਹੋਏ disposed off ਕੀਤਾ ਜਾਵੇ। ਜਹਿਰੀਲੇ ਕੀੜਿਆਂ ਤੋਂ ਬਚਾਵ ਲਈ ਸਕੂਲਾਂ ਦੀ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।
4. ਕਲਾਸਾਂ ਸ਼ੁਰੂ ਹੋਣ ਤੋਂ ਪਹਿਲਾਂ ਬਿਜਲੀ ਦੇ ਪੱਖੇ ਅਤੇ ਜਨਰੇਟਰ ਆਦਿ ਦੀ working check ਕਰ ਲਈ ਜਾਵੇ, ਜੇਕਰ ਲੋੜ ਹੋਵੇ ਤਾਂ ਇਨ੍ਹਾਂ ਦੀ ਮੁਰੰਮਤ ਵੇਲੇ ਸਿਰ ਕਰਵਾਕੇ ਰੱਖੀ ਜਾਵੇ।
5. ਸਕੂਲ ਵਿੱਚ ਬੱਚਿਆ ਲਈ ਪੀਣ ਦੇ ਪਾਣੀ ਦੀ ਉਚਿਤ ਸੁਵਿਧਾ ਹੋਣਾ ਲਾਜਮੀ ਹੈ। ਪਾਣੀ ਦੀਆਂ ਟੈਂਕੀਆਂ ਦੀ ਸਫਾਈ ਕਰਵਾਈ ਜਾਵੇ।
6. ਬਲੈਕ ਬੋਰਡਾ ਦੀ ਮੁਰੰਮਤ/ਸਾਫ ਸਫਾਈ ਕਰਵਾਈ ਜਾਵੇ ਅਤੇ ਲੋੜ ਅਨੁਸਾਰ ਪੇਂਟ ਕਰਵਾਇਆ ਜਾਵੇ।

ਉਕਤ ਦਰਸਾਏ ਸਾਰੇ ਮੁੱਦਿਆ ਬਾਰੇ ਹਦਾਇਤ ਹੋਈ ਹੈ ਕਿ ਇਹ ਸਾਰਾ ਕੰਮ ਗਰਮੀ ਦੀਆਂ ਛੁੱਟੀਆਂ ਵਿੱਚ ਹੀ ਮੁਕੰਮਲ ਹੋ ਜਾਣਾ ਚਾਹੀਦਾ ਹੈ। ਛੁੱਟੀਆਂ ਕੱਟਣ ਉਪਰੰਤ ਵਿਦਿਆਰਥੀਆਂ ਦੇ ਸਕੂਲ ਆਉਣ ਤੇ ਉਨ੍ਹਾਂ ਨੂੰ ਇਕ ਸਾਫ ਸੁਥਰਾ ਅਤੇ ਨਵੀਂ ਦਿਖ ਵਾਲਾ ਮਾਹੌਲ ਮਿਲੇ। ਉਕਤ ਦਰਸਾਏ ਸਾਰੇ ਮੁੱਦਿਆ ਬਾਰੇ ਯੋਗ ਕਾਰਵਾਈ ਕੀਤੀ ਜਾਵੇ ਅਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

22/5/17

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
ਪੰਜਾਬ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ: ਸਿ) ਅੰਮ੍ਰਿਤਸਰ

ਐਂਡ: ਜੀ-4/2017-535 ਮਿਤੀ ਅੰਮ੍ਰਿਤਸਰ 23/5/17

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਸਕੂਲ ਇੰਚਾਰਜ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

23/05/17

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ: ਸਿ) ਅੰਮ੍ਰਿਤਸਰ।
23/5/17